<u>ਪ੍ਰੈਸ ਨੋਟ</u>

ਮਿਤੀ 25.04.2022

# ਹੁਸ਼ਿਆਰਪੁਰ ਪੁਲਿਸ ਵੱਲੋਂ 100 ਗ੍ਰਾਮ ਹੈਰੋਇੰਨ, 260 ਗ੍ਰਾਮ ਨਸ਼ੀਲਾ ਪਦਾਰਥ ਅਤੇ 2 ਪਿਸਟਲ 32 ਬੋਰ, 4 ਮੈਗਜੀਨ ਅਤੇ 4 ਰੌਂਦ ਬ੍ਰਾਮਦ

ਮਾਨਯੋਗ ਸ੍ਰੀ ਸਰਤਾਜ ਸਿੰਘ ਚਾਹਲ IPS, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਪਰ ਹੁਸ਼ਿਆਰਪੁਰ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਸਮੱਗਲਰਾਂ ਨੂੰ ਨੱਥ ਪਾਉਣ ਲਈ ਸ੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ, ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ, ਤਫਤੀਸ਼, ਹੁਸ਼ਿਆਰਪੁਰ, ਅਤੇ ਇੰਚਾਰਜ ਸੀ.ਆਈ.ਏ ਇੰਸਪੈਕਟਰ ਲਖਬੀਰ ਸਿੰਘ ਸਮੇਤ ਪੁਲਿਸ ਪਾਰਟੀ ਵਲੋਂ 02 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ **100 ਗ੍ਰਾਮ ਹੈਰੋਇੰਨ, 260 ਗ੍ਰਾਮ ਨਸ਼ੀਲਾ ਪਦਾਰਥ, 02 ਪਿਸਟਲ 32 ਬੋਰ, 04 ਮੈਗਜ਼ੀਨ 32 ਬੋਰ ਤੇ 04 ਰੌਂਦ ਜਿੰਦਾ 32 ਬੋਰ** ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਵਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 24.04.2022 ਨੂੰ ਇੰਚਾਰਜ ਸੀ.ਆਈ.ਏ ਸਟਾਫ ਸਮੇਤ ਪੁਲਿਸ ਪਾਰਟੀ ਹਾਈਟੈੱਕ ਨਾਕਾ ਰੜਾ ਬ੍ਰਿਜ ਹੁਸ਼ਿਆਰਪੁਰ ਮੌਜੂਦ ਸੀ ਜਿਥੇ ਪੁਲਿਸ ਪਾਰਟੀ ਨੇ ਗੁਪਤ ਸੂਚਨਾ ਦੇ ਅਧਾਰ ਤੇ ਟਾਂਡਾ ਏਰੀਆ ਵਿੱਚ ਹੈਰੋਇਨ ਅਤੇ ਅਸਲਾ ਸਪਲਾਈ ਕਰਨ ਵਾਲੇ ਸਮੱਗਲਰ ਦਿਲਬਾਗ ਸਿੰਘ ਉਰਫ ਬਾਗਾ ਉਰਫ ਫੌਜੀ ਪੁੱਤਰ ਸਕੱਤਰ ਸਿੰਘ ਵਾਸੀ ਪਿੰਡ ਗੋਹਲਵਾਲ ਥਾਣਾ ਸਿਟੀ ਤਰਨਤਾਰਨ ਅਤੇ ਬਲਰਾਜ ਸਿੰਘ ਉਰਫ ਬਾਜ ਪੁੱਤਰ ਸਵਿੰਦਰ ਸਿੰਘ ਵਾਸੀ ਮੁਰਾਦਪੁਰਾ ਥਾਣਾ ਕਾਦੀਆਂ ਜਿਲ੍ਹਾ ਗੁਰਦਾਸਪੁਰ ਨੂੰ ਇੱਕ ਕਾਰ BREZZA Number HR26-DF-2808 ਸਮੇਤ ਕਾਬੂ ਕਰਕੇ ਇਹਨਾਂ ਦੀ ਤਲਾਸ਼ੀ ਦੋਰਾਨ 100 ਗ੍ਰਾਮ ਹੈਰੋਇਨ, 260 ਗ੍ਰਾਮ ਨਸ਼ੀਲਾ ਪਦਾਰਥ ਅਤੇ 2 ਪਿਸਟਲ 32 ਬੋਰ, 4 ਮੈਗਜੀਨ ਅਤੇ 4 ਰੌਂਦ 32 ਬੋਰ ਬ੍ਰਾਮਦ ਕਰਕੇ ਇਹਨਾਂ ਦੇ ਖਿਲਾਫ **ਮੁੱਕਦਮਾ ਨੰਬਰ 85 ਮਿਤੀ 24-04-2022 ਅ.ਧ. 21/22-61-85 ND&PS Act. 25-54-59 Arms. Act. ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ** ਦਰਜ ਰਜਿਸਟਰ ਕਰਵਾਇਆ। ਇਥੇ ਇਹ ਜ਼ਿਕਰਯੋਗ ਹੈ ਮੁੱਕਦਮਾ ਵਿੱਚ ਗ੍ਰਿਫਤਾਰ ਦੋਸ਼ੀ ਦਿਲਬਾਗ ਸਿੰਘ ਉਰਫ ਬਾਗਾ ਉਰਫ ਫੌਜੀ ਮੁਕੱਦਮਾ ਨੰਬਰ 393 /2014 ਅ/ਧ 22-61-85 NDPS ACT ਥਾਣਾ ਸਿਟੀ ਤਰਨਤਾਰਨ ਜਿਲ੍ਹਾ ਤਾਰਨਤਰਨ ਵਿੱਚ ਮਿਤੀ 20-11-2017 ਤੋਂ ਭਗੋੜਾ ਚਲਿਆ ਆ ਰਿਹਾ ਹੈ। ਇਸੇ ਤਰਾਂ ਦੂਜੇ ਦੋਸ਼ੀ ਬਲਰਾਜ ਸਿੰਘ ਉਰਫ ਬਾਜ ਦੇ ਪਰਿਵਾਰਕ ਰਿਕਾਰਡ ਤੋਂ ਪਾਇਆ ਗਿਆ ਕਿ ਇਸਦੇ ਪਿਤਾ ਦੇ ਖਿਲਾਫ ਵੱਖ-ਵੱਖ ਥਾਣਿਆਂ ਵਿੱਚ ਨਸ਼ੇ, ਚੋਰਾਂ, ਲੜਾਈ ਝਗੜੇ ਤੇ ਨਜਾਇਜ ਅਸਲੇ ਨਾਲ ਸਬੰਧਤ 13 ਮੁੱਕਦਮੇ ਦਰਜ ਹਨ।

<u>ਬ੍ਰਾਮਦਗੀ:-</u> **100 ਗ੍ਰਾਮ ਹੈਰੋਇੰਨ, 260 ਗ੍ਰਾਮ ਨਸ਼ੀਲਾ ਪਦਾਰਥ ਅਤੇ 02 ਪਿਸਟਲ 32 ਬੋਰ, 04 ਮੈਗਜੀਨ ਅਤੇ 04 ਰੌਂਦ ਅਤੇ ਇੱਕ BREZZA ਕਾਰ ਨੰਬਰੀ HR26-DF-2808.**

<u>**ਗ੍ਰਿਫਤਾਰ ਦੋਸ਼ੀ**</u>

1. ਦਿਲਬਾਗ ਸਿੰਘ ਉਰਫ ਬਾਗਾ ਉਰਫ ਫੌਜੀ ਪੁੱਤਰ ਸਕੱਤਰ ਸਿੰਘ ਵਾਸੀ ਪਿੰਡ ਗੋਹਲਵਾਲ ਥਾਣਾ ਸਿਟੀ ਤਰਨਤਾਰਨ।
2. ਬਲਰਾਜ ਸਿੰਘ ਉਰਫ ਬਾਜ ਪੁੱਤਰ ਸਵਿੰਦਰ ਸਿੰਘ ਵਾਸੀ ਮੁਰਾਦਪੁਰਾ ਥਾਣਾ ਕਾਦੀਆਂ ਜਿਲ੍ਹਾ ਗੁਰਦਾਸਪੁਰ।

<u>**ਗ੍ਰਿਫਤਾਰ ਦੋਸ਼ੀਆਂ ਖਿਲਾਫ ਜਿਲਾ ਪੁਲਿਸ ਵੱਲੋਂ ਦਰਜ਼ ਕੀਤਾ ਮੁੱਕਦਮਾ**</u>

ਮੁੱਕਦਮਾ ਨੰਬਰ 85 ਮਿਤੀ 24-04-2022 ਅ.ਧ. 21/22-61-85 ND&PS Act. 25-54-59 Arms. Act. ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ।